# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 10-11-2024**

- ਕੈਨੇਡਾ ਦੀ ਪੁਲਿਸ ਨੇ ਇਸ ਮਹੀਨੇ ਦੀ 3 ਤਰੀਕ ਨੂੰ ਬਰੈਂਪਟਨ ਵਿਖੇ, ਇੱਕ ਹਿੰਦੂ ਮੰਦਰ ਵਿੱਚ ਵਿਰੋਧ ਮੁਜ਼ਾਹਰੇ ਦੌਰਾਨ, ਹੋਈ ਹਿੰਸਕ ਝੜਪ ਦੇ ਸਬੰਧ ਵਿੱਚ, ਇੱਕ ਹੋਰ ਗ੍ਰਿਫਤਾਰੀ ਕੀਤੀ ਏ।
- ਵਿਜੀਲੈਂਸ ਬਿਊਰੋ ਵਲੋਂ ਹੁਸ਼ਿਆਰਪੁਰ ਦੇ ਸਹਾਇਕ ਲੇਬਰ ਕਮਿਸ਼ਨਰ ਤੇ ਉਸਦੇ ਦਫ਼ਤਰ ਵਿੱਚ ਤਾਇਨਾਤ ਇਕ ਔਰਤ ਕਰਮਚਾਰੀ ਖਿਲਾਫ ਰਿਸ਼ਵਤ ਲੈਣ ਦੇ ਦੋਸ਼ ਹੇਠ ਮੁਕਦਮਾ ਦਰਜ।
- ਬੀ.ਐਸ.ਐਫ ਅਤੇ ਪੁਲੀਸ ਨੇ ਪਠਾਨਕੋਟ ਵਿੱਚ ਪਾਕਿਸਤਾਨ ਸਰਹੱਦ ਨੇੜੇ, ਇੱਕ ਡਰੋਨ ਅਤੇ 540 ਗ੍ਰਾਮ ਹੈਰੋਇਨ ਬਰਾਮਦ ਕੀਤੀ ਏ।

- ਅੰਮ੍ਰਿਤਸਰ ਵਿਚ 100 ਛੋਟੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ, ਜਿਲਾ ਪ੍ਰਸ਼ਾਸਨ ਨੇ ਦਿੱਤੀ ਵਿੱਤੀ ਸਹਾਇਤਾ। ਅਤੇ
- ਕ੍ਰਿਕਟ ਵਿੱਚ, ਭਾਰਤ ਅੱਜ ਸ਼ਾਮੀ ਸਾਢੇ ਸਤ ਵਜੇ, ਦੱਖਣੀ ਅਫਰੀਕਾ ਖਿਲਾਫ, ਚਾਰ ਟਵੰਟੀ-ਟਵੰਟੀ ਮੈਚਾਂ ਦੀ ਲੜੀ ਦਾ ਦੂਜਾ ਮੈਚ ਖੇਡੇਗਾ।

---

ਕੈਨੇਡਾ ਨੇ ਆਪਣੇ 'ਸਟੂਡੈਂਟ ਡਾਇਰੈਕਟ ਸਟਰੀਮ' (SDS) ਵੀਜਾ ਪ੍ਰੋਗ੍ਰਾਮ ਨੂੰ ਬੰਦ ਕਰਨ ਦਾ ਐਲਾਨ ਕੀਤਾ ਏ, ਜਿਸ ਦਾ ਭਾਰਤੀ ਵਿਦਿਆਰਥੀਆਂ ‘ਤੇ ਵੱਡਾ ਅਸਰ ਪਏਗਾ। S.D.S, ਪੜ੍ਹਾਈ ਲਈ ਪਰਮਿਟ ਲੈਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਲਈ ਇੱਕ ਮੁੱਖ ਮਾਰਗ ਸੀ । ਜ਼ਿਕਰਯੋਗ ਏ ਕਿ ਇਹ ਫੈਸਲਾ, ਰਿਹਾਇਸ਼ੀ ਘਾਟ ਅਤੇ ਵਸੀਲਿਆਂ ‘ਤੇ ਪੈ ਰਹੇ ਦਬਾਅ ਨੂੰ ਦੂਰ ਕਰਨ ਲਈ, ਦੇਸ਼ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਲਿਆ ਗਿਆ ਏ।'ਸਟੂਡੈਂਟ ਡਾਇਰੈਕਟ ਸਟਰੀਮ' ਪ੍ਰੋਗਰਾਮ ਨੂੰ ਇੱਮੀਗ੍ਰੇਸ਼ਨ, ਰਿਫਿਊਜੀ ਐਂਡ ਸਿਟੀਜਨਸ਼ਿਪ

ਕੈਨੇਡਾ (IRCC) ਵੱਲੋਂ 2018 ਵਿੱਚ ਸ਼ੁਰੂ ਕੀਤਾ ਗਿਆ ਸੀ। ਇਹ 14 ਦੇਸ਼ਾਂ ਦੇ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਦੀਆਂ ਅਰਜ਼ੀਆਂ ਨੂੰ ਤੇਜ਼ ਕਰਨ ਲਈ ਤਿਆਰ ਕੀਤਾ ਗਿਆ ਸੀ। ਇਨ੍ਹਾਂ ਦੇਸ਼ਾਂ ਵਿੱਚ ਭਾਰਤ, ਬ੍ਰਾਜ਼ੀਲ, ਚੀਨ, ਕੋਲੰਬੀਆ, ਕੋਸਟਾ-ਰਿਕਾ, ਮੋਰੋਕੋ, ਪਾਕਿਸਤਾਨ, ਪੇਰੂ, ਫਿਲੀਪੀਨਜ਼, ਅਤੇ ਵੀਅਤ-ਨਾਮ ਸ਼ਾਮਲ ਨੇ। ਇਸ ਪ੍ਰੋਗਰਾਮ ਤਹਿਤ, ਅਰਜ਼ੀ ਦੀ ਪ੍ਰਕਿਰਿਆ ਵਧੇਰੇ ਤੇਜ਼ ਸੀ, ਜਿਸ ਨਾਲ ਕੈਨੇਡੀਅਨ ਵਿਦਿਅਕ ਸੰਸਥਾਵਾਂ ਤੱਕ ਜਲਦੀ ਪਹੁੰਚ ਦਾ ਰਾਹ ਪੱਧਰਾ ਹੋਇਆ। ਹਾਲਾਂਕਿ, ਆਪਣੀ ਅਧਿਕਾਰਤ ਵੈੱਬਸਾਈਟ 'ਤੇ ਇੱਕ ਬਿਆਨ ਵਿੱਚ, ਕੈਨੇਡਾ ਦੀ ਸਰਕਾਰ ਨੇ ਦੱਸਿਆ ਏ ਕਿ ਪ੍ਰੋਗਰਾਮ ਦੀ ਗਰਿਮਾ ਨੂੰ ਮਜ਼ਬੂਤ ਕਰਨ, ਵਿਦਿਆਰਥੀਆਂ ਦੇ ਜੋਖਮ ਨਾਲ ਨਜਿਠਣ ਅਤੇ ਸਾਰੇ ਵਿਦਿਆਰਥੀਆਂ ਨੂੰ ਅਰਜ਼ੀ ਪ੍ਰਕਿਰਿਆ ਤੱਕ ਬਰਾਬਰ ਅਤੇ ਨਿਰਪੱਖ ਪਹੁੰਚ ਦੇਣ ਲਈ, ਪ੍ਰੋਗਰਾਮ ਨੂੰ ਬੰਦ ਕਰ ਦਿੱਤਾ ਜਾਵੇਗਾ। ਕੈਨੇਡੀਅਨ ਸਰਕਾਰ ਦੇ ਇਸ ਕਦਮ ਨਾਲ ਕੌਮਾਂਤਰੀ ਵਿਦਿਆਰਥੀਆਂ, ਖਾਸ ਤੌਰ 'ਤੇ SDS ਪ੍ਰੋਗਰਾਮ ਵਿੱਚ ਪਹਿਲਾਂ

ਸ਼ਾਮਲ ਕੀਤੇ ਗਏ, ਮੁਲਕਾਂ ਦੇ ਵਿਦਿਆਰਥੀਆਂ ‘ਤੇ ਅਸਰ ਪੈ ਸਕਦਾ ਏ।

---------------------------------------------------------------

ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ, ਹੁਸਿਆਰਪੁਰ ਦੇ ਸਹਾਇਕ ਲੇਬਰ ਕਮਿਸ਼ਨਰ, PCS ਅਧਿਕਾਰੀ ਹਰਪ੍ਰੀਤ ਸਿੰਘ ਤੇ ਉਸਦੇ ਦਫ਼ਤਰ ਵਿੱਚ ਤਾਇਨਾਤ ਇਕ ਔਰਤ ਮੁਲਾਜ਼ਮ ਕੰਪਿਊਟਰ ਅਪ੍ਰੇਟਰ ਖ਼ਿਲਾਫ਼, 30 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਏ। ਇਸ ਮਾਮਲੇ ਵਿੱਚ ਕੰਪਿਊਟਰ ਅਪ੍ਰੇਟਰ ਨੂੰ 30 ਹਜ਼ਾਰ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ, ਜਿਸ ਨੂੰ ਸਥਾਨਕ ਅਦਾਲਤ ਨੇ 14 ਦਿਨਾਂ ਦੇ ਨਿਆਂਇਕ ਰਿਮਾਂਡ ਤਹਿਤ ਜੇਲ੍ਹ ਭੇਜ ਦਿੱਤਾ ਏ। ਦੂਜਾ ਮੁਲਜ਼ਮ PCS ਅਧਿਕਾਰੀ ਹਰਪ੍ਰੀਤ ਸਿੰਘ ਫਰਾਰ ਹੋ ਗਿਆ ਏ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਕੱਦਮਾ ਸ਼ਿਕਾਇਤਕਰਤਾ ਹੁਸ਼ਿਆਰਪੁਰ ਵਾਸੀ ਰੋਹਿਤ ਚੌਹਾਨ ਦੀ ਸ਼ਿਕਾਇਤ ਦੇ ਅਧਾਰ ਉਤੇ ਦਰਜ ਕੀਤਾ ਗਿਆ ਏ। ਉੱਨਾਂ ਦੱਸਿਆ ਕਿ ਇਸ ਸਬੰਧੀ ਵਿੱਚ ਦੋਵੇਂ ਮੁਲਾਜ਼ਮਾਂ ਖਿਲਾਫ

ਭ੍ਰਿਸ਼ਟਾਚਾਰ ਰੋਕਣ ਬਾਰੇ ਕਾਨੂੰਨ ਤਹਿਤ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਏ। ਮੁਲਜ਼ਮ ਸਹਾਇਕ ਲੇਬਰ ਕਮਿਸ਼ਨਰ ਹਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਉਸਦੇ ਠਿਕਾਣਿਆਂ ਤੇ ਦਬਿਸ਼ ਦਿੱਤੀ ਜਾ ਰਹੀ ਏ। ਇਸ ਮੁਕੱਦਮੇ ਦੀ ਹੋਰ ਤਫਤੀਸ਼ ਜਾਰੀ ਏ।

---------------------------------------------------------------

ਡੇਰਾ ਬਾਬਾ ਨਾਨਕ ਤੋਂ, ਪਾਕਿਸਤਾਨ ਜਾਣ ਵਾਲੇ ਕਰਤਾਰਪੁਰ ਲਾਂਘੇ ਨੂੰ ਖੋਲਣ ਦੇ ਕਲ ਪੰਜ ਸਾਲ ਪੂਰੇ ਹੋ ਗਏ ਨੇ। ਇਹ ਲਾਂਘਾ 9 ਨਵੰਬਰ 2019 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਤੋਂ ਖੋਲ੍ਹਿਆ ਗਿਆ ਸੀ। ਇਸ ਨੂੰ ਖੋਲ੍ਹਣ ਲਈ ਲੋਕ ਖਾਸ ਤੌਰ 'ਤੇ ਸਿੱਖ ਭਾਈਚਾਰਾ ਖੁਸ਼ ਅਤੇ ਉਤਸ਼ਾਹ ਵਿਚ ਏ। ਉਨ੍ਹਾਂ ਨੇ ਅਗਲੇ ਹਫ਼ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ, ਸਾਰਿਆਂ ਦੇ ਭਲੇ, ਖੁਸ਼ੀਆਂ ਅਤੇ ਖੁਸ਼ਹਾਲੀ ਦੀ ਕਾਮਨਾ ਕੀਤੀ। ਸਾਰਿਆਂ ਨੇ ਪ੍ਰਧਾਨ ਮੰਤਰੀ ਮੋਦੀ ਦਾ ਇਸ ਮੁਬਾਰਕ

ਕਾਰਜ ਲਈ ਧੰਨਵਾਦ ਕੀਤਾ, ਜਿਸਦੀ ਪਿਛਲੇ 70 ਸਾਲਾਂ ਵਿੱਚ ਕਿਸੇ ਹੋਰ ਸਰਕਾਰ ਨੇ ਕੋਸ਼ਿਸ਼ ਵੀ ਨਹੀਂ ਕੀਤੀ ਸੀ । ਇਸ ਬਾਰੇ ਵਿਚਾਰ ਰੱਖਦਿਆਂ, ਭਾਰਤੀ ਘੱਟ ਗਿਣਤੀਆਂ ਲਈ ਕੌਮੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ । BYTE: ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਕਿਹਾ । BYTE: ਜਿਕਰਯੋਗ ਏ ਕਿ ਇਹ ਸਾਰੇ ਪਤਵੰਤੇ ਅੱਜ ਮੋਹਾਲੀ ਵਿਖੇ ਉਘੇ ਸੰਪਾਦਕ ਅਵਿਨਾਸ਼ ਜੈਸਵਾਲ ਦੁਆਰਾ ਪੰਜਾਬੀ ਵਿੱਚ ਲਿਖੀ ਇੱਕ ਕਿਤਾਬ "ਸੰਗਤ ਉਦਗੋਸ਼" ਲਾਂਚ ਕਰਨ ਲਈ ਮੌਜੂਦ ਹੋਏ ਸਨ। ਉਨ੍ਹਾਂ ਸਾਰਿਆਂ ਨੇ ਅਵਿਨਾਸ਼ ਜੈਸਵਾਲ ਦੀ ਲੰਬੀ ਉਮਰ ਦੀ ਕਾਮਨਾ ਕੀਤੀ ਅਤੇ ਸਿੱਖ ਇਤਿਹਾਸ ਵਿੱਚ ਸਾਹਿਤ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ । ਇਸ ਮੌਕੇ ਬਹੁਤ ਸਾਰੇ ਸਿੱਖ ਵਿਦਵਾਨ ਅਤੇ ਵਿਸ਼ੇਸ਼ ਤੌਰ 'ਤੇ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ, ਸਾਬਕਾ ਮੰਤਰੀ ਮਦਨ ਮੋਹਨ ਮਿੱਤਲ, ਅਵਿਨਾਸ਼ ਰਾਏ ਖੰਨਾ ਅਤੇ ਵਿਨੀਤ ਜੋਸ਼ੀ ਸਮੇਤ ਹੋਰ ਆਗੂ ਵੀ ਮੌਜੂਦ ਸਨ। ਸਾਰਿਆਂ ਨੇ ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ, ਸਿੱਖ ਸਾਹਿਤ ਨੂੰ ਪੰਜਾਬੀ ਵਿੱਚ

ਲਿਆਉਣ ਲਈ ਸ੍ਰੀ ਜੈਸਵਾਲ ਦੇ ਯਤਨ ਦੀ ਸ਼ਲਾਘਾ ਕੀਤੀ ।

---------------------------------------------------

ਤਿਓਹਾਰਾਂ ਦੇ ਮੱਦੇਨਜ਼ਰ ਪੰਜਾਬ ਤੋਂ ਬਾਹਰ ਗਏ ਲੋਕਾਂ ਤੇ ਰੇਲਵੇ ਮੁਸਾਫ਼ਰਾਂ ਦੀ ਵਾਪਸੀ ਅਤੇ ਵਾਧੂ ਭੀੜ ਦੀ ਸਹੂਲਤ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਨੇ। ਇਸੇ ਸਿਲਸਿਲੇ ਵਿਚ ਰੇਲਵੇ ਵੱਲੋਂ ਮੌਜੂਦਾ ਰੇਲ-ਗੱਡੀਆਂ ਤੋਂ ਇਲਾਵਾ ਕੁਝ ਤਿਉਹਾਰ ਵਿਸ਼ੇਸ਼ ਰੇਲ ਗੱਡੀਆਂ ਦਾ ਸਟਾਪੇਜ, ਲੁਧਿਆਣਾ ਰੇਲਵੇ ਸਟੇਸ਼ਨ ਸਮੇਤ ਢੰਡਾਰੀ ਕਲਾਂ ਰੇਲਵੇ ਸਟੇਸ਼ਨ 'ਤੇ ਵੀ ਕੀਤਾ ਗਿਆ ਏ, ਜੋ 2 ਮਿੰਟਾਂ ਦਾ ਹੋਵੇਗਾ । ਇਹ ਸਟਾਪੇਜ 10 ਤੋਂ 20 ਨਵੰਬਰ ਦੌਰਾਨ ਰਹੇਗਾ। ਉੱਤਰੀ ਰੇਲਵੇ ਫ਼ਿਰੋਜ਼ਪੁਰ ਮੰਡਲ ਦੇ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਦਸਿਆ ਏ ਕਿ ਇਨਾ ਰੇਲ ਗੱਡੀਆਂ ਵਿਚ ਬਰੌਨੀ-ਜੰਮੂ ਸਪੈਸ਼ਲ, ਧਨਬਾਦ-ਅੰਮ੍ਰਿਤਸਰ ਸਪੈਸ਼ਲ , ਅੰਮ੍ਰਿਤਸਰ-ਕਟਿਆਰ ਸਪੈਸ਼ਲ, ਅੰਮ੍ਰਿਤਸਰ-ਡਾ. ਅੰਬੇਦਕਰ ਨਗਰ ਸਪੈਸ਼ਲ, ਸਿਆਲਦਾਹ ਐਕਸਪ੍ਰੈਸ, ਹਿਮਗਿਰੀ ਐਕਸਪ੍ਰੈਸ, ਕਾਮਾਖਿਆ

ਐਕਸਪ੍ਰੈਸ, ਲੋਹਿਤ ਐਕਸਪ੍ਰੈਸ, ਅਮਰਨਾਥ ਐਕਸਪ੍ਰੈਸ , ਅਕਾਲ ਤਖ਼ਤ ਐਕਸਪ੍ਰੈਸ, ਦੁਰਗਿਆਨਾ ਐਕਸਪ੍ਰੈਸ, ਕੋਲਕਾਤਾ ਐਕਸਪ੍ਰੈਸ, ਅਤੇ ਜਨਸਾਧਾਰਨ ਐਕਸਪ੍ਰੈਸ ਰੇਲ ਗੱਡੀਆਂ ਸ਼ਾਮਿਲ ਨੇ ।

-----------------------------------------------------

ਬੀ.ਐਸ.ਐਫ ਅਤੇ ਪੁਲੀਸ ਨੇ ਪਠਾਨਕੋਟ ਵਿੱਚ ਪਾਕਿਸਤਾਨ ਸਰਹੱਦ 'ਤੇ , ਤਾਸ਼ ਪੱਤਣ ਚੈੱਕ ਪੋਸਟ ਨੇੜੇ ਇੱਕ ਡਰੋਨ ਅਤੇ 540 ਗ੍ਰਾਮ ਹੈਰੋਇਨ ਬਰਾਮਦ ਕੀਤੀ ਏ । ਇਸ ਮਾਮਲੇ ਵਿੱਚ ਥਾਣਾ ਨਰੋਟ ਜੈਮਲ ਸਿੰਘ ਵਿੱਚ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਏ । ਬੀ.ਐਸ.ਐਫ ਦੇ ਜਵਾਨਾਂ ਨੇ 8 ਨਵੰਬਰ ਦੀ ਰਾਤ ਨੂੰ ਪਹਾੜੀਪੁਰ ਅਤੇ ਤਾਸ਼ ਪੱਤਣ ਚੌਕੀ ਵਿਚਕਾਰ ਪਾਕਿਸਤਾਨੀ ਡਰੋਨ ਦੀ ਗਤੀਵਿਧੀ ਰਿਕਾਰਡ ਕੀਤੀ ਸੀ, ਜਿਸ ਤੋਂ ਬਾਅਦ 6 ਰਾਉਂਡ ਫਾਇਰਿੰਗ ਕੀਤੀ ਗਈ ਸੀ। ਇਸ ਤੋਂ ਬਾਅਦ ਬੀ.ਐਸ.ਐਫ ਅਤੇ ਪੁਲਿਸ ਵੱਲੋਂ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ । ਤਲਾਸ਼ੀ ਦੌਰਾਨ ਤਾਸ਼ ਪੱਤਣ ਚੌਕੀ ਨੇੜੇ ਖੇਤਾਂ 'ਚੋਂ ਇਕ ਡਰੋਨ

ਅਤੇ ਉਸ ਨਾਲ ਬੰਨ੍ਹਿਆ ਇਕ ਪੈਕਟ 540 ਗ੍ਰਾਮ ਹੈਰੋਇਨ ਬਰਾਮਦ ਹੋਇਆ।

---------------------------------------------------------

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ, ਪੰਜਾਬ ਦੇ ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਜਿਲੇ ਦੇ 100 ਛੋਟੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਮਦਦ ਦੇਣ ਦਾ ਜੋ ਉਪਰਾਲਾ ਕੀਤਾ ਗਿਆ ਸੀ, ਉਸ ਤਹਿਤ ਅੱਜ ਡਿਪਟੀ ਕਮਿਸ਼ਨਰ ਨੇ, ਖੁਦ ਪਿੰਡ ਧਾਰੜ ਵਿਖੇ ਪਹੁੰਚ ਕਿ ਕਿਸਾਨਾਂ ਨੂੰ ਆਰਥਿਕ ਸਹਾਇਤਾ ਦਾ ਚੈੱਕ ਦਿੱਤਾ ਤੇ ਹੌਸਲਾ ਅਫਜਾਈ ਕੀਤੀ । ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਾਤਾਵਰਨ ਦੀ ਸੰਭਾਲ ਅਤੇ ਧਰਤੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਅਤੇ ਜ਼ਮੀਨ ਵਿਚਲੇ ਮਿੱਤਰ ਕੀੜਿਆਂ ਨੂੰ ਅਸੀਂ ਤਾਂ ਹੀ ਬਚਾ ਸਕਦੇ ਹਾਂ, ਜੇਕਰ ਅਸੀਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਈਏ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਖੇਤਾਂ ਵਿਚ ਵਾਹੁਣ ਦੀ ਅਪੀਲ ਕੀਤੀ।**BYTE:** ਉਹਨਾਂ ਦੱਸਿਆ ਕਿ ਇਸਦਾ ਮੁੱਖ ਮਕਸਦ ਕਿਸਾਨਾਂ ਨੂੰ ਪਰਾਲੀ ਦੀ ਸਾਂਭ ਸੰਭਾਲ ਲਈ ਪ੍ਰੇਰਿਤ ਕਰਨਾ

ਏ ਤਾਂ ਜੋ ਉਹਨਾਂ ਵੱਲ ਵੇਖ ਕੇ ਹੋਰ ਕਿਸਾਨ ਵੀ, ਖੇਤਾਂ ਵਿੱਚ ਪਰਾਲੀ ਵਾਹ ਕੇ ਕਣਕ ਬੀਜਣ ਦਾ ਉਪਰਾਲਾ ਕਰਨ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾਕਟਰ ਤਜਿੰਦਰ ਸਿੰਘ ਵੀ ਮੌਜੂਦ ਰਹੇ। ਇਸ ਦੌਰਾਨ ਸਾਰੇ ਮੌਜੂਦ ਕਿਸਾਨਾਂ ਨੇ ਇਹ ਦੱਸਿਆ ਕਿ ਉਹ, ਪਰਾਲੀ ਨੂੰ ਬਿਨਾਂ ਅੱਗ ਲਗਾਏ ਮਸ਼ੀਨਰੀ ਦੀ ਮਦਦ ਨਾਲ ਬਜਾਈ ਕਰ ਰਹੇ ਨੇ ਜਿਸ ਨਾਲ ਪਿਛਲੇ ਕਈ ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਾ ਰਹੇ ।

---------------------------------------------------------

ਅਬੋਹਰ ਦੇ ਐਸ.ਡੀ.ਐਮ. ਕ੍ਰਿਸ਼ਨ ਪਾਲ ਰਾਜਪੂਤ ਨੇ ਅਬੋਹਰ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਦਿਆਂ ਵਾਤਾਵਰਣ ਦੀ ਸ਼ੁਧਤਾ ਨੂੰ ਬਰਕਰਾਰ ਰੱਖਣ ਲਈ, ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਇਸ ਦਾ ਯੋਗ ਵਿਧੀ ਰਾਹੀਂ ਨਿਬੇੜਾ ਕਰਨ ਸਬੰਧੀ ਪ੍ਰੇਰਿਤ ਕੀਤਾ। ਉਨ੍ਹਾਂ ਪਿੰਡ ਰਾਏਪੁਰਾ ਅਤੇ ਕਾਲਾ ਟਿੱਬਾ ਦੇ ਕਿਸਾਨਾਂ ਨੂੰ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ 'ਤੇ ਮਸ਼ੀਨਾ ਮੁਹੱਈਆ ਕਰਵਾਈਆਂ ਗਈਆਂ

ਨੇ, ਜਿਨ੍ਹਾਂ ਦੀ ਵਰਤੋਂ ਕਰਕੇ ਕਿਸਾਨ ਰਹਿੰਦ-ਖੂਹੰਦ ਦਾ ਨਿਪਟਾਰਾ ਕਰ ਸਕਦੇ ਨੇ ।

------------------------------------------------------------

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਸਕੂਲ ਆਫ਼ ਕਮਿਊਨੀਕੇਸ਼ਨ ਸਟੱਡੀਜ਼, ਦੇ ਸਾਬਕਾ ਖੋਜਾਰਥੀ , ਮੁਕੇਸ਼ ਕੁਮਾਰ ਨੇ ਅਖ਼ਬਾਰਾਂ ਦੇ ਵਿਸ਼ਲੇਸ਼ਣ ਲਈ ਇੱਕ ਪੈਮਾਨਾ ਵਿਕਸਤ ਕਰਨ ਵਾਸਤੇ ਇੱਕ ਪੇਟੈਂਟ ਪ੍ਰਾਪਤ ਕੀਤਾ ਏ । ਮੁਕੇਸ਼ ਕੁਮਾਰ ਨੇ 2020 ਵਿੱਚ ਆਪਣੀ ਪੀ.ਐਚ.ਡੀ ਦੀ ਡਿਗਰੀ ਪੂਰੀ ਕੀਤੀ। ਡਾ. ਕੁਮਾਰ ਮੌਜੂਦਾ ਸਮੇਂ ਵਿੱਚ ਪਟਨਾ ਵਿਖੇ ਯੂਨੀਵਰਸਿਟੀ ਵਿੱਚ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ ਨੇ । ਭਾਰਤ ਸਰਕਾਰ ਦੇ ਪੇਟੈਂਟ ਦਫਤਰ ਨੇ ਉਨ੍ਹਾਂ ਦੀ ਖੋਜ "ਅਖਬਾਰਾਂ ਦੀ ਸਮਗਰੀ ਵਿਸ਼ਲੇਸ਼ਣ ਲਈ ਡਿਜੀਟਲ ਸਕੇਲ" ਲਈ ਇੱਕ ਪੇਟੈਂਟ ਸਰਟੀਫਿਕੇਟ ਜਾਰੀ ਕੀਤਾ ਏ । ਡਾ. ਮੁਕੇਸ਼ ਕੁਮਾਰ ਨੇ ਦੱਸਿਆ ਕਿ ਇਹ ਪੈਮਾਨਾ ਵਿਸ਼ੇਸ਼ ਤੌਰ 'ਤੇ ਅਖ਼ਬਾਰਾਂ ਦੀ ਸਮੱਗਰੀ ਦੇ ਵਿਸ਼ਲੇਸ਼ਣ ਲਈ ਤਿਆਰ ਕੀਤਾ ਗਿਆ ਏ , ਜਿਸ ਨਾਲ ਖ਼ਬਰਾਂ, ਸੰਪਾਦਕੀ ਅਤੇ ਸੰਪਾਦਕ ਨੂੰ ਚਿੱਠੀਆਂ ਦਾ ਗੁਣਾਤਮਕ ਅਤੇ

ਗਿਣਾਤਮਕ ਵਿਸ਼ਲੇਸ਼ਣ ਕੀਤਾ ਜਾ ਸਕਦਾ ਏ । ਇਸ ਪ੍ਰਾਪਤੀ ਨੂੰ, ਆਪਣੀ ਖੋਜ ਨਿਗਰਾਨ, ਪ੍ਰੋਫੈਸਰ ਅਰਚਨਾ ਆਰ ਸਿੰਘ ਨੂੰ ਸਮਰਪਿਤ ਕੀਤਾ ।

--------------------------------------------------------

ਕ੍ਰਿਕਟ ਵਿੱਚ, ਭਾਰਤ ਅੱਜ ਗਕੇਬਰ੍ਹਾ ਦੇ ਸੇਂਟ ਜਾਰਜ ਪਾਰਕ 'ਚ ਦੱਖਣੀ ਅਫਰੀਕਾ ਖਿਲਾਫ ਚਾਰ ਟਵੰਟੀ -ਟਵੰਟੀ ਮੈਚਾਂ ਦੀ ਲੜੀ ਦਾ ਦੂਜਾ ਮੈਚ ਖੇਡੇਗਾ । ਮੈਚ ਭਾਰਤੀ ਸਮੇਂ ਅਨੁਸਾਰ ਸ਼ਾਮ ਸਾਢੇ 7 ਵਜੇ ਸ਼ੁਰੂ ਹੋਵੇਗਾ।

--------------------------------------------------------

ਆਖ਼ਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਕੈਨੇਡਾ ਦੀ ਪੁਲਿਸ ਨੇ ਇਸ ਮਹੀਨੇ ਦੀ 3 ਤਰੀਕ ਨੂੰ ਬਰੈਂਪਟਨ ਵਿਖੇ, ਇੱਕ ਹਿੰਦੂ ਮੰਦਰ ਵਿੱਚ ਵਿਰੋਧ ਮੁਜ਼ਾਹਰੇ ਦੌਰਾਨ, ਹੋਈ ਹਿੰਸਕ ਝੜਪ ਦੇ ਸਬੰਧ ਵਿੱਚ, ਇੱਕ ਹੋਰ ਗ੍ਰਿਫਤਾਰੀ ਕੀਤੀ ਏ।

- ਵਿਜੀਲੈਂਸ ਬਿਊਰੋ ਵਲੋਂ ਹੁਸ਼ਿਆਰਪੁਰ ਦੇ ਸਹਾਇਕ ਲੇਬਰ ਕਮਿਸ਼ਨਰ ਤੇ ਉਸਦੇ ਦਫ਼ਤਰ ਵਿੱਚ ਤਾਇਨਾਤ ਇਕ ਔਰਤ ਕਰਮਚਾਰੀ ਖਿਲਾਫ ਰਿਸ਼ਵਤ ਲੈਣ ਦੇ ਦੋਸ਼ ਹੇਠ ਮੁਕਦਮਾ ਦਰਜ।
- ਬੀ.ਐਸ.ਐਫ ਅਤੇ ਪੁਲੀਸ ਨੇ ਪਠਾਨਕੋਟ ਵਿੱਚ ਪਾਕਿਸਤਾਨ ਸਰਹੱਦ ਨੇੜੇ, ਇੱਕ ਡਰੋਨ ਅਤੇ 540 ਗ੍ਰਾਮ ਹੈਰੋਇਨ ਬਰਾਮਦ ਕੀਤੀ ਏ।

- ਅੰਮ੍ਰਿਤਸਰ ਵਿਚ 100 ਛੋਟੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ, ਜਿਲਾ ਪ੍ਰਸ਼ਾਸਨ ਨੇ ਦਿੱਤੀ ਵਿੱਤੀ ਸਹਾਇਤਾ।
- ਕ੍ਰਿਕਟ ਵਿੱਚ, ਭਾਰਤ ਅੱਜ ਸ਼ਾਮੀ ਸਾਢੇ ਸਤ ਵਜੇ, ਦੱਖਣੀ ਅਫਰੀਕਾ ਖਿਲਾਫ, ਚਾਰ ਟਵੰਟੀ-ਟਵੰਟੀ ਮੈਚਾਂ ਦੀ ਲੜੀ ਦਾ ਦੂਜਾ ਮੈਚ ਖੇਡੇਗਾ।

ਇਸਦੇ ਨਾਲ ਹੀ ਪ੍ਰਦੇਸ਼ਿਕ ਖ਼ਬਰਾਂ ਖਤਮ ਹੋਈਆਂ, ਨਮਸਕਾਰ !